## ਪ੍ਰੈਸ ਨੋਟ

ਪੁਲਿਸ ਜਿਲ੍ਹਾ ਲੁਧਿਆਣਾ(ਦਿਹਾਤੀ) ਨੂੰ ਨਸ਼ਾਂ ਮੁਕਤ ਕਰਨ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ ਕਰਨ ਲਈ ਆਰੰਭ ਕੀਤੀ ਗਈ ਵਿਸ਼ੇਸ਼ ਮੁਹਿੰਮ ਦੌਰਾਨ ਸ੍ਰੀ ਗੁਰਤੇਜ ਸਿੰਘ, ਪੀ.ਪੀ.ਐਸ, ਡੀ.ਐਸ.ਪੀ ਐਨ.ਡੀ.ਪੀ.ਐਸ, ਲੁਧਿਆਣਾ(ਦਿਹਾਤੀ) ਦੇ ਦਿਸ਼ਾ ਨਿਰਦੇਸ਼ਾ ਤੇ ਸਬ **ਇੰਸਪੈਕਟਰ ਕਿਰਨਦੀਪ ਕੌਰ, ਇੰਚਾਰਜ ਐਂਟੀਨਾਰਕੋਟਿਕ ਸੈਲ, ਲੁਧਿਆਣਾ(ਦਿਹਾਤੀ)** ਦੀ ਨਿਗਰਾਨੀ ਹੇਠ ਮਿਤੀ 01-08-2022 ਨੂੰ ਸਹਾਇਕ ਥਾਣੇਦਾਰ ਸੁਖਵਿੰਦਰ ਸਿੰਘ, ਸਮੇਤ ਪੁਲਿਸ ਪਾਰਟੀ ਦੇ ਭੈੜੇ/ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ ਕਰਨ ਅਤੇ ਸ਼ੱਕੀ ਵਿਅਕਤੀਆਂ ਨੂੰ ਚੈਕ ਕਰਨ ਲਈ ਬਾਹੱਦ ਅੱਡਾ ਰਾਏਕੋਟ, ਵਿਸ਼ਵਕਰਮਾ ਚੌਕ ਜਗਰਾਉ ਵਿਖੇ ਨਾਕਾਬੰਦੀ ਕੀਤੀ ਹੋਈ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ **ਹਰਬੰਸ ਕੌਰ ਉਰਫ ਭੋਲੀ ਪਤਨੀ ਮੱਖਣ ਸਿੰਘ ਵਾਸੀ ਗਲੀ ਨੰਬਰ 07 ਰਾਣੀ ਵਾਲਾ ਖੂਹ ਜਗਰਾਉ** ਆਪਣੇ ਘਰ ਵਿੱਚ ਬਣੀ ਰੈਡੀਮੇਡ ਕੱਪੜਿਆਂ ਦੀ ਦੁਕਾਨ ਵਿੱਚ ਕੱਪੜਿਆਂ ਦੀ ਆੜ ਵਿੱਚ ਚਰਸ ਵੇਚਣ ਦਾ ਕੰਮ ਕਰਦੀ ਹੈ।ਇਤਲਾਹ ਸੱਚੀ ਤੇ ਭਰੋਸੇਯੋਗ ਹੋਣ ਕਰਕੇ ਮੁਕੱਦਮਾ ਨੰਬਰ 135 ਮਿਤੀ 01-08-2022 ਅ/ਧ 20/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ ਜਗਰਾਉ ਦਰਜ ਰਜਿਸਟਰ ਕੀਤਾ ਗਿਆ।ਮੁਕੱਦਮੇ ਦੀ ਤਫਤੀਸ਼ ਦੌਰਾਨ ਐਸ.ਆਈ ਕਿਰਨਦੀਪ ਕੌਰ, ਇੰਚਾਰਜ ਐਂਟੀਨਾਰਕੋਟਿਕ ਸੈਲ, ਲੁਧਿਆਣਾ(ਦਿਹਾਤੀ) ਵੱਲੋ ਸਮੇਤ ਪੁਲਿਸ ਪਾਰਟੀ ਦੇ ਹਰਬੰਸ ਕੌਰ ਉਕਤ ਦੇ ਘਰ ਪਰ ਰੇਡ ਕੀਤੀ ਗਈ।ਇਸੇ ਦੌਰਾਨ ਮੌਕਾ ਪਰ ਸ੍ਰੀ ਗੁਰਤੇਜ ਸਿੰਘ, ਪੀ.ਪੀ.ਐਸ, ਡੀ.ਐਸ.ਪੀ ਐਨ.ਡੀ.ਪੀ.ਐਸ, ਲੁਧਿਆਣਾ(ਦਿਹਾਤੀ) ਵੀ ਪੁੱਜ ਗਏ। ਜਿਹਨਾਂ ਦੀ ਨਿਗਰਾਨੀ ਹੇਠ ਦੋਸ਼ਣ ਹਰਬੰਸ ਕੌਰ ਉਕਤ ਦੀ ਰੈਡੀਮੇਡ ਕੱਪੜੇ ਦੀ ਦੁਕਾਨ ਵਿੱਚ ਪਏ ਮੰਜੇ ਦੇ ਹੇਠਾਂ ਪਲਾਸਟਿਕ ਦੇ ਲਿਫਾਫੇ ਵਿੱਚੋ 01 ਕਿਲੋ 50 ਗ੍ਰਾਮ ਚਰਸ ਬਰਾਮਦ ਕੀਤੀ ਗਈ, ਦੋਸਣ ਹਰਬੰਸ ਕੌਰ ਉਰਫ ਭੋਲੀ ਨੂੰ ਉਕਤ ਮੁਕੱਦਮਾ ਵਿੱਚ ਗ੍ਰਿਫਤਾਰ ਕੀਤਾ ਗਿਆ।ਜਿਸ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਉਸ ਪਾਸੋ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।ਜਿਸ ਪਾਸੋ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਹਰਬੰਸ ਕੌਰ ਉਰਫ ਭੋਲੀ ਪਤਨੀ ਮੱਖਣ ਸਿੰਘ ਵਿਰੁੱਧ ਪਹਿਲਾਂ ਵੀ ਮੁਕੱਦਮਾ ਨੰਬਰ 70 ਮਿਤੀ 08-05-2022 ਅ/ਧ 20/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ ਜਗਰਾਉ ਦਰਜ ਹੈ।ਜੋ ਉੱਕਤ ਮੁਕੱਦਮੇ ਵਿੱਚ ਜਮਾਨਤ ਪਰ ਰਿਹਾਅ ਹੋ ਕੇ ਆਈ ਹੈ।

////